ਨੰਬਰ 10385
ਮਿਤੀ 17/3/2020

ਵੱਲੋਂ:- ਵਣ ਮੰਡਲ ਅਫਸਰ,
ਅੰਮ੍ਰਿਤਸਰ।

ਸੇਵਾ ਵਿਖੇ:- ਨੋਡਲ ਅਫਸਰ (ਐਫ.ਸੀ.ਏ.),
ਪੰਜਾਬ, ਐਸ.ਏ.ਐਸ ਨਗਰ।

ਵਿਸ਼ਾ:- **Proposal No.FP/PB/Road/41977/2019:- Diversion of 0.8884 ha. of Forest land For Construction of ROB in lies of LC No. S-28 at Km 506/2-4 by improvement Trust Amritsar on Amritsar-Sanawal Section at Vallah, on Amritsar - Vallah road, Tehsil & Distt. Amritsar.**

ਉਕਤ ਕੇਸ ਯੂਜਰ ਏਜੰਸੀ ਵੱਲੋਂ ਮਿਤੀ 03-09-2019 ਨੂੰ ਸਬਮਿਟ ਕੀਤਾ ਗਿਆ। ਜਿਸ ਦੇ ਆਧਾਰ ਤੇ ਰੇਂਜ ਅਫਸਰ ਵੱਲੋਂ ਮਿਤੀ 01-11-2019 ਨੂੰ ਰਿਪੋਟ ਸਬਮਿਟ ਕੀਤੀ ਗਈ। ਸਬੰਧਤ ਡੀਲਿੰਗ ਹੈਂਡ ਵੱਲੋਂ ਕੇਸ ਦਾ ਨਿਰੀਖਣ ਕਰਨ ਅਤੇ ਕੇਸ ਯੂਜਰ ਏਜੰਸੀ ਤੋ ਮੁਕਮਲ ਕਰਾਉਣ ਉਪਰੰਤ ਮਿਤੀ 04-03-2020 ਨੂੰ ਨਿਮਨਹਸਤਾਖਰ ਨੂੰ ਪੁੱਟਅੱਪ ਕੀਤਾ ਗਿਆ।

ਨਿਮਨਹਸਤਾਖਰ ਵੱਲੋਂ ਵਣ ਰਕਬੇ ਦੀ ਡਾਇਵਰਸ਼ਨ ਸਬੰਧੀ ਤਜਵੀਜ ਫਾਰੈਸਟ ਕੰਜਰਵੇਸ਼ਨ ਐਕਟ 1980 ਤਹਿਤ ਪ੍ਰਵਾਨਗੀ ਪ੍ਰਾਪਤ ਕਰਨ ਲਈ ਭੇਜੀ ਹੈ। ਯੂਜਰ ਏਜੰਸੀ ਇਕ ਸਰਕਾਰੀ ਅਦਾਰਾ ਹੈ। ਇਸ ਤਜਵੀਜ ਵਿਚ ਫਾਰੈਸਟ ਜੰਗਲ ਦਾ/ਫਾਰੈਸਟ ਸਟ੍ਰਿਪ ਦਾ 2.221 ਹੈਕਟਰ ਰਕਬਾ ਪ੍ਰਭਾਵਿਤ ਹੁੰਦਾ ਹੈ। ਇਸ ਵਿਚ 30 ਰੁੱਖ ਪ੍ਰਭਾਵਿਤ ਹੁੰਦੇ ਹਨ ਅਤੇ ਕੋਈ ਪੋਲ, ਪੌਦਾ ਪ੍ਰਭਾਵਿਤ ਨਹੀਂ ਹੁੰਦਾ ਹੈ । ਨਿਮਨਹਸਤਾਖਰ ਵੱਲੋਂ ਸਬੰਧਤ ਰਕਬੇ ਦਾ ਮਿਤੀ 05-03-2020 ਨੂੰ ਨਿੱਜੀ ਨਿਰੀਖਣ ਕਰ ਲਿਆ ਗਿਆ ਹੈ, ਜਿਸਦਾ ਲੋੜੀਂਦਾ ਸਰਟੀਫਿਕੇਟ ਤਜਵੀਜ ਨਾਲ ਨੱਥੀ ਪੰਨਾ 22 ਤੇ ਹੈ। ਇਸ ਤੋ ਇਲਾਵਾ FRA ਸਰਟੀਫਿਕੇਟ ਸਬੰਧੀ ਅੰਡਰਟੇਕਿੰਗ ਪੰਨਾ ਨੰਬਰ 39 ਤੇ ਨੱਥੀ ਹੈ।

ਇਸ ਕੇਸ ਵਿਚ ਕੰਪਨਸੇਟਰੀ ਅਫਾਰਸਟੇਸ਼ਨ ਲਈ 2.221ਹੈਕਟਰ ਰਕਬਾ ਫਾਰੈਸਟ ਜੰਗਲ/ ਫਾਰੈਸਟ ਸਟ੍ਰਿਪ ਤੇ ਚੁਣਿਆ ਗਿਆ ਹੈ।

ਸਬੰਧਤ ਯੂਜਰ ਏਜੰਸੀ ਵੱਲੋਂ ਕੰਪਨਸੇਟਰੀ ਅਫੋਰਸਟੇਸ਼ਨ ਲਈ ਬਣਦੀ ਰਕਮ 10,81,576/- ਰੁਪਏ ਅਤੇ Net Present Value ਦੀ ਬਣਦੀ ਰਕਮ 5,56,138/- ਰੁਪਏ, ਜਮਾਂ ਕਰਵਾਉਣ ਸਬੰਧੀ ਅੰਡਰਟੇਕਿੰਗ ਦਿੱਤੀ ਗਈ ਹੈ।

ਯੂਜਰ ਏਜੰਸੀ ਵੱਲੋਂ ਪੀ.ਡਬਲਿਊ.ਡੀ ਵਿਭਾਗ ਦੀ NOC ਸਬਮਿਟ ਕਰ ਦਿੱਤੀ ਗਈ ਹੈ ਅਤੇ ਬਣਦੀ ਪ੍ਰੋਸੈਸਿੰਗ ਫੀਸ 4,44,200/- ਰੁਪਏ ਗਰੀਨਿੰਗ ਪੰਜਾਬ ਫੰਡ ਵਿਚ ਜਮ੍ਹਾਂ ਕਰਵਾ ਦਿੱਤੇ ਗਏ ਹਨ। ਇਸ ਤੋਂ ਇਲਾਵਾ 2450/- ਰੁਪਏ ਬਤੌਰ ਪ੍ਰਸੈਸਿੰਗ ਫੀਸ ਵੀ ਜਮਾਂ ਕਰਵਾ ਦਿੱਤੀ ਗਈ ਹੈ। ਨਿਮਨਹਸਤਾਖਰ ਵੱਲੋਂ ਇਸ ਕੇਸ ਦੀ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਜਾਂਦੀ ਹੈ।

ਯੂਜਰ ਏਜੰਸੀ ਵੱਲੋਂ ਇਸ ਕੇਸ ਵਿਚ FCA 1980 ਦੀ ਉਲੰਘਣਾ ਨਹੀਂ ਕੀਤੀ ਗਈ ਹੈ।

ਉਪਰੋਕਤ ਤਜਵੀਜ ਨਾਲ ਪ੍ਰਾਪਤ ਹੋਏ ਦਸਤਾਵੇਜ ਘੋਖਣ ਉਪਰੰਤ ਠੀਕ ਪਾਏ ਗਏ ਹਨ। ਇਸ ਲਈ ਵਣ ਸੁਰੱਖਿਆ ਐਕਟ, 1980 ਦੇ ਸੈਕਸ਼ਨ 2 ਤਹਿਤ ਇਹ ਤਜਵੀਜ ਸਿਫਾਰਸ਼ ਸਹਿਤ 2 ਪੜ੍ਹਤਾਂ ਵਿੱਚ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।
ਸਹਿਪੱਤਰ/ ਉਪਰਵਾਂਗ।

ਵਣ ਮੰਡਲ ਅਫਸਰ,
ਅੰਮ੍ਰਿਤਸਰ।

ਪਿੱਠ ਅੰਕਣ ਨੰ: 10386 ਮਿਤੀ 17/3/2020

ਕਾਪੀ ਵਣ ਪਾਲ ਬਿਸਤ ਸਰਕਲ ਜਲੰਧਰ ਜੀ ਨੂੰ ਸੂਚਨਾ ਸਮੇਤ ਫਾਈਲ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।
ਸਹਿਪੱਤਰ/ਉਪਰਵਾਂਗ

ਵਣ ਮੰਡਲ ਅਫਸਰ,
ਅੰਮ੍ਰਿਤਸਰ।